# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਜੇ ਤੁਸੀਂ ਭੰਨਤੋੜ ਕਰਕੇ ਦਾਖਲ ਹੋਣ (ਬੀ ਐਂਡ ਈ) ਦਾ ਸ਼ਿਕਾਰ ਹੋਏ ਹੋ ਤਾਂ ਮਦਦ ਮੌਜੂਦ ਹੈ

ਜਦੋਂ ਕੋਈ ਵਿਅਕਤੀ ਕਿਸੇ ਦੇ ਘਰ ਵਿਚ ਬਿਨਾਂ ਆਗਿਆ ਦੇ ਜਾਂਦਾ ਹੈ ਅਤੇ ਕੋਈ ਜੁਰਮ ਕਰਨ ਦਾ ਇਰਾਦਾ ਰੱਖਦਾ ਹੈ, ਜਾਂ ਜੁਰਮ ਕਰਦਾ ਹੈ ਤਾਂ ਇਹ ਰਿਹਾਇਸ਼ ਵਿਚ ਭੰਨਤੋੜ ਕਰਕੇ ਦਾਖਲ ਹੋਣਾ (ਬਰੇਕ ਐਂਡ ਇੰਟਰ) ਸਮਝਿਆ ਜਾਂਦਾ ਹੈ। ਭੰਨਤੋੜ ਕਰਕੇ ਦਾਖਲ ਹੋਣਾ ਆਮ ਤੌਰ 'ਤੇ ਕਿਸੇ ਦੀਆਂ ਕੀਮਤੀ ਚੀਜ਼ਾਂ ਚੋਰੀ ਕਰਨ ਦੇ ਇਰਾਦੇ ਲਈ ਕੀਤਾ ਜਾਂਦਾ ਹੈ।

ਭੰਨਤੋੜ ਕਰਕੇ ਦਾਖਲ ਹੋਣਾ ਇਕ ਗੰਭੀਰ ਜੁਰਮ ਹੈ, ਚੋਰੀ ਜਾਂ ਬਰਬਾਦ ਕੀਤੀ ਗਈ ਜਾਇਦਾਦ ਦੀ ਕੀਮਤ ਭਾਵੇਂ ਕੁਝ ਵੀ ਹੋਵੇ। ਇਸ ਜੁਰਮ ਦੇ ਨਤੀਜੇ ਸਿਰਫ ਮਾਇਕ ਨਹੀਂ ਨਿਕਲਦੇ ਸਗੋਂ ਜਜ਼ਬਾਤੀ ਵੀ ਨਿਕਲਦੇ ਹਨ।

ਘਰ ਵਿਚ ਭੰਨਤੋੜ ਕਰਕੇ ਦਾਖਲ ਹੋਣ ਦੀਆਂ ਘਟਨਾਵਾਂ ਸਾਰੇ ਆਂਢ-ਗੁਆਂਢਾਂ ਵਿਚ ਅਤੇ ਸਾਰੀਆਂ ਉਮਰਾਂ, ਲਿੰਗ, ਆਰਥਿਕ, ਅਤੇ ਸਭਿਆਚਾਰਕ ਗਰੁੱਪਾਂ ਵਿਚ ਵਾਪਰਦੀਆਂ ਹਨ। ਭੰਨਤੋੜ ਕਰਕੇ ਦਾਖਲ ਹੋਣ ਦੇ ਅਪਰਾਧੀ ਬਹੁਤ ਘੱਟ ਆਪਣੇ ਸ਼ਿਕਾਰਾਂ ਨੂੰ ਜਾਣਦੇ ਹੁੰਦੇ ਹਨ ਜਾਂ ਨਿੱਜੀ ਤੌਰ 'ਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹੁੰਦੇ ਹਨ।

ਘਰਾਂ ਵਿਚ ਭੰਨਤੋੜ ਕਰਕੇ ਦਾਖਲ ਹੋਣ ਦੇ ਭਾਵੇਂ ਕਿ ਵੱਖੋ ਵੱਖਰੇ ਰੀਐਕਸ਼ਨ ਹੁੰਦੇ ਹਨ, ਇਸ ਜੁਰਮ ਦੇ ਪੀੜਿਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਅਕਸਰ ਜਜ਼ਬਾਤੀ ਨਤੀਜੇ ਨਿਕਲਦੇ ਹਨ। ਭੰਨਤੋੜ ਪੀੜਿਤ ਦੀ ਇਸ ਸੋਝੀ ਜਾਂ ਨਜ਼ਰੀਏ ਨੂੰ ਚਕਨਾਚੂਰ ਕਰ ਸਕਦੀ ਹੈ ਕਿ ਉਸ ਦਾ ਘਰ ਸੁਰੱਖਿਅਤ ਸਵਰਗ ਹੈ। ਜਦੋਂ ਜਜ਼ਬਾਤੀ ਕੀਮਤ ਰੱਖਦੀਆਂ ਚੀਜ਼ਾਂ ਚੁੱਕ ਲਈਆਂ ਜਾਂਦੀਆਂ ਹਨ ਜਾਂ ਬਰਬਾਦ ਕਰ ਦਿੱਤੀਆਂ ਜਾਂਦੀਆਂ ਹਨ ਤਾਂ ਬਹੁਤ ਜ਼ਿਆਦਾ ਨੁਕਸਾਨ ਦੀ ਭਾਵਨਾ ਪੈਦਾ ਹੋ ਸਕਦੀ ਹੈ ਅਤੇ ਇਹ ਜਾਣ ਕੇ ਪ੍ਰਾਈਵੇਸੀ ਦੇ ਜਾਂਦੇ ਰਹਿਣ ਦੀ ਭਾਵਨਾ ਪੈਦਾ ਹੋ ਸਕਦੀ ਹੈ ਕਿ ਕਿਸੇ ਨੇ ਤੁਹਾਡੀਆਂ ਨਿੱਜੀ ਚੀਜ਼ਾਂ ਦੀ ਫੋਲਾਫਾਲੀ ਕੀਤੀ ਹੈ।

ਭੰਨਤੋੜ ਕਰਕੇ ਦਾਖਲ ਹੋਣ ਦੇ ਪੀੜਿਤਾਂ ਨੂੰ ਅਮਲੀ ਮਦਦ ਦੇ ਨਾਲ ਨਾਲ ਜਜ਼ਬਾਤੀ ਮਦਦ ਤੋਂ ਫਾਇਦਾ ਹੋ ਸਕਦਾ ਹੈ। ਆਪਣੀ ਜ਼ਿੰਦਗੀ 'ਤੇ ਕੰਟਰੋਲ ਦੀ ਭਾਵਨਾ ਨੂੰ ਮੁੜ ਪ੍ਰਾਪਤ ਕਰਨਾ ਠੀਕ ਹੋਣ ਦੇ ਕਾਰਜ ਲਈ ਬਹੁਤ ਜ਼ਰੂਰੀ ਹੈ। ਜੇ ਤੁਸੀਂ ਰਿਹਾਇਸ਼ੀ ਭੰਨਤੋੜ ਕਰਕੇ ਦਾਖਲ ਹੋਣ ਦੇ ਸ਼ਿਕਾਰ ਹੋਏ ਹੋ ਤਾਂ **ਮਦਦ ਮੌਜੂਦ ਹੈ।**

## ਭੰਨਤੋੜ ਕਰਕੇ ਦਾਖਲ ਹੋਣ ਬਾਰੇ ਪੁਲੀਸ ਨੂੰ ਰਿਪੋਰਟ ਕਰਨ ਬਾਰੇ ਕੀ ਕਹਿਣਾ ਹੈ?

ਅਪਰਾਧੀ ਦਾ ਫੜਿਆ ਜਾਣਾ ਅਤੇ ਉਸ 'ਤੇ ਮੁਕੱਦਮਾ ਚਲਾਏ ਜਾਣਾ ਚਾਹੁਣ ਦੇ ਨਾਲ ਨਾਲ, ਕੁਝ ਮੁੱਖ ਕਾਰਨ ਹਨ ਜਿਨ੍ਹਾਂ ਕਰਕੇ ਪੁਲੀਸ ਨੂੰ ਰਿਪੋਰਟ ਕਰਨਾ ਮਹੱਤਵਪੂਰਨ ਹੈ। ਤੁਸੀਂ ਘਰ ਦੀ ਸਕਿਉਰਟੀ ਲਈ ਕਦਮ ਚੁੱਕਣ ਬਾਰੇ ਪੁਲੀਸ ਦੀ ਸਲਾਹ ਲੈਣਾ ਚਾਹੁੰਦੇ ਹੋ ਸਕਦੇ ਹੋ ਅਤੇ ਜੇ ਤੁਸੀਂ ਇਨਸ਼ੋਰੈਂਸ ਕਲੇਮ ਕਰਨ ਦਾ ਇਰਾਦਾ ਰੱਖਦੇ ਹੋਵੋ ਤਾਂ ਪੁਲੀਸ ਦੀ ਰਿਪੋਰਟ ਦੀ ਲੋੜ ਪਵੇਗੀ।

ਭਾਵੇਂ ਕਿ ਭੰਨਤੋੜ ਕਰਕੇ ਦਾਖਲ ਹੋਣ ਦੇ ਜੁਰਮ ਹੱਲ ਕਰਨੇ ਆਮ ਤੌਰ 'ਤੇ ਔਖੇ ਹੁੰਦੇ ਹਨ, ਕੁਝ ਪੀੜਿਤ ਇਹ ਮਹਿਸੂਸ ਕਰਦੇ ਹਨ ਕਿ ਜੁਰਮ ਦੀ ਰਿਪੋਰਟ ਕਰਨਾ, ਜੁਰਮ ਨੂੰ ਆਪਣੇ ਪਿੱਛੇ ਛੱਡਣ ਲਈ ਇਕ ਮਹੱਤਵਪੂਰਨ ਕਦਮ ਹੈ। ਭਾਵੇਂ ਪੁਲੀਸ ਸ਼ਾਮਲ ਹੋਈ ਹੋਵੇ ਜਾਂ ਨਾ, ਤੁਸੀਂ ਵਿਕਟਿਮ ਸਰਵਿਸਿਜ਼ ਅਤੇ ਹੋਰ ਏਜੰਸੀਆਂ ਤੋਂ ਮਦਦ ਲੈ ਸਕਦੇ ਹੋ।

## ਮੇਰੇ ਲਈ ਕਿਹੜੀ ਮਦਦ ਉਪਲਬਧ ਹੈ?

### ਪੁਲੀਸ

ਪੁਲੀਸ ਭੰਨਤੋੜ ਕਰਕੇ ਦਾਖਲ ਹੋਣ ਦੀਆਂ ਰਿਪੋਰਟਾਂ ਦਾ ਉੱਤਰ ਦਿੰਦੀ ਹੈ ਅਤੇ ਪੜਤਾਲ ਕਰਦੀ ਹੈ। ਉਹ ਹੋਰ ਏਜੰਸੀਆਂ ਬਾਰੇ ਜਾਣਕਾਰੀ ਵੀ ਦੇ ਸਕਦੀ ਹੈ ਜਿਹੜੀਆਂ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ।

ਪੁਲੀਸ ਐਮਰਜੰਸੀ ਦੇ ਆਧਾਰ 'ਤੇ ਜਾਂ ਗੈਰ-ਐਮਰਜੰਸੀ ਦੇ ਆਧਾਰ 'ਤੇ ਜਵਾਬ ਦੇਵੇਗੀ ਜੋ ਕਿ ਹਾਲਤਾਂ 'ਤੇ ਨਿਰਭਰ ਕਰਦਾ ਹੈ। ਭਾਵੇਂ ਕਿ ਭੰਨਤੋੜ ਕਰਕੇ ਦਾਖਲ ਹੋਣ ਦੇ ਬਹੁਤੇ ਕੇਸਾਂ ਵਿਚ ਫੌਰੀ ਜਵਾਬੀ ਕਾਰਵਾਈ ਕਰਨ (ਹੁੰਗਾਰੇ) ਦੀ ਲੋੜ ਨਹੀਂ ਹੁੰਦੀ, ਕੁਝ ਵਿਚ ਹੁੰਦੀ ਹੈ: ਜਿਵੇਂ ਕਿ ਕੋਈ ਹੋ ਰਿਹਾ ਜੁਰਮ ਅਤੇ ਕਿਸੇ ਵਿਅਕਤੀ ਜਾਂ ਪ੍ਰਾਪਰਟੀ ਨੂੰ ਫੌਰੀ ਖਤਰੇ।

ਘਰ ਦੀ ਸਕਿਉਰਟੀ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ, ਕੁਝ ਪੁਲੀਸ ਵਿਭਾਗ ਤੁਹਾਡੇ ਘਰ ਦੀ ਸਕਿਉਰਟੀ ਚੈੱਕ ਕਰਨਗੇ। ਜ਼ਿਆਦਾ ਜਾਣਕਾਰੀ ਲਈ ਆਪਣੇ ਲੋਕਲ ਕਮਿਊਨਟੀ ਪੋਲੀਸਿੰਗ ਆਫਿਸ ਜਾਂ ਕ੍ਰਾਇਮ ਪ੍ਰੀਵੈਨਸ਼ਨ ਯੂਨਿਟ ਨਾਲ ਸੰਪਰਕ ਕਰੋ।

### ਪੀੜਿਤਾਂ ਲਈ ਸੇਵਾਵਾਂ

ਪੀੜਿਤਾਂ ਲਈ ਸੇਵਾਵਾਂ (ਵਿਕਟਿਮ ਸਰਵਿਸਿਜ਼) ਕਮਿਊਨਟੀ ਏਜੰਸੀਆਂ ਅਤੇ ਪੁਲੀਸ ਸਟੇਸ਼ਨਾਂ ਵਿਚ ਸਥਿਤ ਹਨ ਅਤੇ ਉਹ ਉਹ ਜਜ਼ਬਾਤੀ ਮਦਦ ਕਰਦੀਆਂ ਹਨ, ਨਿਆਂਇਕ ਸਿਸਟਮ, ਸੇਫਟੀ ਪਲੈਨਿੰਗ ਬਾਰੇ ਜਾਣਕਾਰੀ ਦਿੰਦੀਆਂ ਹਨ, ਕੌਂਸਲਿੰਗ ਅਤੇ ਹੋਰ ਸੇਵਾਵਾਂ ਕੋਲ ਭੇਜਦੀਆਂ ਹਨ ਅਤੇ ਅਦਾਲਤ ਵਿਚ ਹਾਜ਼ਰੀ ਵੇਲੇ ਮਦਦ ਕਰਦੀਆਂ ਹਨ। ਕੁਝ ਘਰ ਦੀ ਸਕਿਉਰਟੀ ਚੈੱਕ ਵੀ ਕਰਦੀਆਂ ਹਨ ਜਾਂ ਪੀੜਿਤਾਂ ਨੂੰ ਘਰ ਦੀ ਸਕਿਉਰਟੀ ਚੈੱਕ ਕਰਨ ਲਈ ਪੁਲੀਸ ਵਿਭਾਗਾਂ ਕੋਲ ਭੇਜਦੀਆਂ ਹਨ।

BRITISH COLUMBIA
Ministry of Justice

ਤੁਸੀਂ **ਵਿਕਟਿਮਲਿੰਕ ਬੀ ਸੀ** ਨੂੰ ਫੋਨ ਕਰਕੇ (ਮੁਫਤ, 24 ਘੰਟੇ ਬਹੁਭਾਸ਼ਾਈ 1-800-563-0808 ਸਹਾਇਤਾ ਲਾਈਨ) ਜ਼ਿਆਦਾ ਜਾਣਕਾਰੀ ਲੈ ਸਕਦੇ ਹੋ ਜਾਂ ਆਪਣੇ ਇਲਾਕੇ ਵਿਚਲੇ ਕਿਸੇ ਵਿਕਟਿਮ ਸਰਵਿਸ ਪ੍ਰੋਗਰਾਮ ਨਾਲ ਜੁੜ ਸਕਦੇ ਹੋ।

**ਵਿਕਟਿਮਲਿੰਕ ਬੀ ਸੀ** ਤੁਹਾਨੂੰ ਕਮਿਊਨਟੀ ਅਤੇ ਸਰਕਾਰੀ ਵਸੀਲਿਆਂ ਦੇ ਇਕ ਨੈੱਟਵਰਕ ਨਾਲ ਵੀ ਜੋੜ ਸਕਦਾ ਹੈ, ਜਿਸ ਵਿਚ ਸਮਾਜਿਕ, ਸਿਹਤ, ਨਿਆਂ ਅਤੇ ਕੌਂਸਲਿੰਗ ਲਈ ਵਸੀਲੇ ਸ਼ਾਮਲ ਹਨ।

### ਹੋਰ ਸੇਵਾਵਾਂ

ਬ੍ਰਿਟਿਸ਼ ਕੋਲੰਬੀਆ ਕਰਾਇਮ ਪ੍ਰੀਵੈਨਸ਼ਨ ਐਸੋਸੀਏਸ਼ਨ (1-888-405-2288) ਜੁਰਮ ਨੂੰ ਰੋਕਣ ਦੇ ਮਾਮਲਿਆਂ ਅਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਬਲੌਕ ਵਾਚ ਸੁਸਾਇਟੀ ਆਫ ਬ੍ਰਿਟਿਸ਼ ਕੋਲੰਬੀਆ (1-877-602-3358) ਜੁਰਮਾਂ ਤੋਂ ਰੋਕਥਾਮ ਕਰਨ ਅਤੇ ਆਂਢ-ਗੁਆਂਢ ਵਿਚ ਸੇਫਟੀ ਵਧਾਉਣ ਲਈ "ਬਲੌਕ ਵਾਚ" ਪ੍ਰੋਗਰਾਮ ਤਿਆਰ ਕਰਨ ਅਤੇ ਕਾਇਮ ਰੱਖਣ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।

> ਜੁਰਮਾਂ ਤੋਂ ਪੀੜਿਤ ਬੀ ਸੀ ਦੇ ਵਿਕਟਿਮਜ਼ ਆਫ ਕਰਾਇਮ ਐਕਟ ਅਧੀਨ ਸੁਰੱਖਿਅਤ ਹਨ। ਐਕਟ ਪੀੜਿਤਾਂ ਦੇ ਸਨਮਾਨ ਅਤੇ ਆਦਰ ਨਾਲ ਵਰਤਾਉ ਕੀਤੇ ਜਾਣ ਅਤੇ ਕਰਿਮੀਨਲ ਜਸਟਿਸ ਸਿਸਟਮ ਅਤੇ ਆਪਣੇ ਕੇਸ ਬਾਰੇ ਜਾਣਕਾਰੀ ਲੈਣ ਦੇ ਹੱਕ ਦੀ ਰੱਖਿਆ ਕਰਦਾ ਹੈ।

## ਜੇ ਮੈਨੂੰ ਮਦਦ ਦੀ ਲੋੜ ਹੋਵੇ ਤਾਂ ਮੈਂ ਕਿਹੜੇ ਕਦਮ ਚੁੱਕਣੇ ਹਨ?

- ਜੇ ਤੁਹਾਡੇ ਘਰ ਵਿਚ ਭੰਨਤੋੜ ਕਰਕੇ ਹੁਣੇ ਹੁਣੇ ਦਾਖਲ ਹੋਇਆ ਗਿਆ ਹੈ ਅਤੇ ਅਪਰਾਧੀ ਅਜੇ ਵੀ ਉੱਥੇ ਹੈ ਜਾਂ ਨੇੜੇ ਹੈ ਤਾਂ ਕਿਸੇ ਸੁਰੱਖਿਅਤ ਥਾਂ ਤੋਂ 911 ਨੂੰ ਫੋਨ ਕਰੋ।
- ਜੇ ਤੁਸੀਂ ਭੰਨਤੋੜ ਕਰਕੇ ਦਾਖਲ ਹੋਣ ਦੀ ਰਿਪੋਰਟ ਪੁਲੀਸ ਨੂੰ ਕਰਨਾ ਚਾਹੁੰਦੇ ਹੋ ਅਤੇ ਹਾਲਤ ਫੌਰੀ ਨਹੀਂ ਹੈ (ਜਿਵੇਂ ਅਪਰਾਧੀ ਆਲੇ ਦੁਆਲੇ ਨਹੀਂ ਹੈ, ਤੁਸੀਂ ਖਤਰੇ ਵਿਚ ਨਹੀਂ ਹੋ) ਤਾਂ ਆਪਣੇ ਇਲਾਕੇ ਵਿਚ ਪੁਲੀਸ ਦੇ ਗੈਰ-ਐਮਰਜੰਸੀ ਨੰਬਰ 'ਤੇ ਫੋਨ ਕਰੋ।
- ਜੇ ਤੁਹਾਡੇ ਕੋਲ ਇਨਸ਼ੋਰੈਂਸ ਹੈ ਜਿਹੜੀ ਚੋਰੀ ਜਾਂ ਨੁਕਸਾਨ ਕੀਤੀਆਂ ਗਈਆਂ ਚੀਜ਼ਾਂ ਨੂੰ ਕਵਰ ਕਰ ਸਕਦੀ ਹੈ ਤਾਂ ਫੌਰਨ ਆਪਣੀ ਇਨਸ਼ੋਰੈਂਸ ਕੰਪਨੀ ਨਾਲ ਸੰਪਰਕ ਕਰੋ।
- ਇਹ ਲਿਸਟ ਬਣਾਉ ਕਿ ਕੀ ਚੋਰੀ ਹੋਇਆ ਹੈ ਜਾਂ ਕਿਹੜੀਆਂ ਚੀਜ਼ਾਂ ਦਾ ਨੁਕਸਾਨ ਹੋਇਆ ਹੈ, ਸਮੇਤ ਉਨ੍ਹਾਂ ਪਛਾਣ ਨੰਬਰਾਂ ਜਾਂ ਫੋਟੋਆਂ ਦੇ ਜਿਹੜੀਆਂ ਤੁਹਾਡੇ ਕੋਲ ਹੋਣ।
- ਜੇ ਪੁਲੀਸ ਨੇ ਆਉਣਾ ਹੋਵੇ ਤਾਂ ਆਪਣੇ ਘਰ ਦੀ ਕਿਸੇ ਵੀ ਚੀਜ਼ ਨੂੰ ਛੂਹਣ ਜਾਂ ਛੇੜਨ ਦੀ ਕੋਸ਼ਿਸ਼ ਨਾ ਕਰੋ, ਅਤੇ ਕਿਸੇ ਚੀਜ਼ ਨੂੰ ਵੀ ਨਾ ਹਿਲਾਉ। ਪੁਲੀਸ ਤੋਂ ਫਾਈਲ ਨੰਬਰ ਲਵੋ ਤਾਂ ਜੋ ਤੁਸੀਂ ਇਹ ਆਪਣੀ ਇਨਸ਼ੋਰੈਂਸ ਕੰਪਨੀ ਨੂੰ ਦੇ ਸਕੋ।
- ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਨੂੰ ਇਹ ਦੱਸੋ ਕਿ ਕੀ ਹੋਇਆ ਹੈ। ਆਪਣੇ ਗੁਆਂਢੀਆਂ ਨੂੰ ਦੱਸੋ ਕਿ ਕੀ ਹੋਇਆ ਹੈ। ਜੇ ਕੋਈ ਗੁਆਂਢੀ, ਦੋਸਤ, ਜਾਂ ਪਰਿਵਾਰ ਦਾ ਮੈਂਬਰ ਅਮਲੀ ਤਰੀਕਿਆਂ ਨਾਲ ਜਜ਼ਬਾਤੀ ਹਿਮਾਇਤ ਜਾਂ ਮਦਦ ਕਰ ਸਕਦਾ ਹੋਵੇ ਤਾਂ ਮਦਦ ਮੰਗੋ।
- ਜੇ ਤੁਸੀਂ ਵਿਕਟਿਮ ਸਰਵਿਸਿਜ਼ ਨਾਲ ਸੰਪਰਕ ਕਰਨਾ ਚਾਹੁੰਦੇ ਹੋਵੋ ਤਾਂ ਵਿਕਟਿਮਲਿੰਕ ਬੀ ਸੀ ਨੂੰ 1-800-563-0808 'ਤੇ ਫੋਨ ਕਰੋ। ਵਿਕਟਿਮ ਸਰਵਿਸਿਜ਼ ਸਿੱਧੀ ਤੁਹਾਡੀ ਮਦਦ ਕਰ ਸਕਦੀ ਹੈ ਅਤੇ ਤੁਹਾਨੂੰ ਹੋਰ ਕਮਿਊਨਟੀ ਏਜੰਸੀਆਂ ਕੋਲ ਭੇਜ ਸਕਦੀ ਹੈ। ਜੇ ਤੁਹਾਡੇ ਮਨ ਵਿਚ ਭੰਨਤੋੜ ਕਰਕੇ ਦਾਖਲ ਹੋਣ ਬਾਰੇ ਜਾਂ ਆਪਣੇ ਹੱਕਾਂ ਬਾਰੇ ਸਵਾਲ ਹੋਣ ਤਾਂ ਕਿਸੇ ਵਿਕਟਿਮ ਸਰਵਿਸ ਵਰਕਰ ਤੋਂ ਬੇਝਿਜਕ ਪੁੱਛੋ।

## ਆਪਣੇ ਘਰ ਅਤੇ ਚੀਜ਼ਾਂ ਦੀ ਸਕਿਉਰਟੀ ਸੁਧਾਰਨ ਲਈ ਸੁਝਾਅ

ਜੇ ਤੁਸੀਂ ਇਹ ਮਹਿਸੂਸ ਕਰਦੇ ਹੋਵੋ ਕਿ ਤੁਹਾਡਾ ਘਰ ਓਨਾ ਸੁਰੱਖਿਅਤ ਨਹੀਂ ਹੈ ਜਿੰਨਾ ਇਹ ਹੋ ਸਕਦਾ ਹੈ ਤਾਂ ਤੁਸੀਂ ਕਈ ਚੀਜ਼ਾਂ ਕਰ ਸਕਦੇ ਹੋ। ਆਪਣੇ ਘਰ ਦੀ ਸਕਿਉਰਟੀ ਨੂੰ ਸੁਧਾਰਨ ਲਈ ਕਦਮ ਚੁੱਕਣਾ ਭੰਨਤੋੜ ਕਰਕੇ ਦਾਖਲ ਹੋਣ ਦੇ ਜਜ਼ਬਾਤੀ ਅਸਰਾਂ ਨਾਲ ਸਿੱਝਣ ਵਿਚ ਅਤੇ ਦੁਬਾਰਾ ਕੰਟਰੋਲ ਦੀ ਭਾਵਨਾ ਹਾਸਲ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

ਜੇ ਤੁਸੀਂ ਕਿਰਾਏ 'ਤੇ ਰਹਿੰਦੇ ਹੋ ਤਾਂ ਤੁਹਾਨੂੰ ਕੁਝ ਤਬਦੀਲੀਆਂ ਕਰਨ ਲਈ ਆਗਿਆ ਲੈਣ ਦੀ ਲੋੜ ਪੈ ਸਕਦੀ ਹੈ। ਤੁਹਾਡਾ ਲੈਂਡਲਾਰਡ ਵੀ ਪ੍ਰਾਪਰਟੀ ਨੂੰ ਜ਼ਿਆਦਾ ਸੁਰੱਖਿਅਤ ਬਣਾਉਣ ਵਿਚ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ। ਜੇ ਤੁਸੀਂ ਕੌਂਡੋ ਜਾਂ ਟਾਊਨਹਾਊਸ ਦੇ ਮਾਲਕ ਹੋ ਤਾਂ ਤਬਦੀਲੀਆਂ ਕਰਨ ਤੋਂ ਪਹਿਲਾਂ ਤੁਸੀਂ ਆਪਣੀ ਸਟਰੈਟਾ ਕੌਂਸਲ ਤੋਂ ਚੈੱਕ ਕਰਨਾ ਚਾਹੁੰਦੇ ਹੋ ਸਕਦੇ ਹੋ।

### ਦਰਵਾਜ਼ੇ ਅਤੇ ਖਿੜਕੀਆਂ

- ਬਾਹਰਲੇ ਦਰਵਾਜ਼ੇ ਬਦਲੋ ਜਾਂ ਇਨ੍ਹਾਂ ਨੂੰ ਮਜ਼ਬੂਤ ਕਰੋ (ਜੇ ਇਹ ਘੱਟੋ ਘੱਟ 1 3/4 ਇੰਚ ਮੋਟੇ ਨਹੀਂ ਹਨ ਅਤੇ ਠੋਸ ਜਾਂ ਲੈਮੀਨੇਟਿਡ ਵੁੱਡ, ਜਾਂ ਧਾਤ ਤੋਂ ਬਣੇ ਹੋਏ ਨਹੀਂ ਹਨ)
- ਬਾਹਰਲੇ ਦਰਵਾਜ਼ਿਆਂ 'ਤੇ ਡੈੱਡਬੋਲਟ ਲੌਕ ਜਾਂ ਇੰਟਰਲੌਕਿੰਗ ਬੋਲਟ ਲੌਕ ਲਗਾਉ

BRITISH COLUMBIA

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਜੇ ਤੁਸੀਂ ਭੰਨਤੋੜ ਕਰਕੇ ਦਾਖਲ ਹੋਣ (ਬੀ ਐਂਡ ਈ) ਦਾ ਸ਼ਿਕਾਰ ਹੋਏ ਹੋ ਤਾਂ ਮਦਦ ਮੌਜੂਦ ਹੈ

- ਗਰਾਜ ਦੀ ਡੋਰ ਨੂੰ ਖੋਲ੍ਹਣ ਵਾਲੇ "ਕਲਿੱਕਰ" ਨੂੰ ਘਰ ਦੀ ਚਾਬੀ ਵਾਂਗ ਹੀ ਸਮਝੋ – ਇਸ ਨੂੰ ਆਪਣੀ ਗੱਡੀ ਵਿਚ ਨਾ ਛੱਡੋ
- ਖਿੜਕੀਆਂ ਨੂੰ ਜਿੰਦਰਿਆਂ ਨਾਲ ਸੁਰੱਖਿਅਤ ਕਰੋ
- ਸਲਾਈਡ ਹੋਣ ਵਾਲੀਆਂ ਖਿੜਕੀਆਂ ਦੇ ਹੇਠਲੇ ਟਰੈਕ ਦੀ ਲੰਬਾਈ ਜਿੰਨੀਆਂ ਲੱਕੜੀ ਜਾਂ ਧਾਤ ਦੀਆਂ ਬਾਰਾਂ ਲਗਾਉ
- ਹੇਠਲੇ ਪੱਧਰ ਦੀਆਂ ਖਿੜਕੀਆਂ 'ਤੇ ਬਾਰਾਂ ਜਾਂ ਹੋਰ ਸਕਿਉਰਟੀ ਯੰਤਰ ਲਗਾਉ
- ਇਹ ਪੱਕਾ ਕਰੋ ਕਿ ਅੱਗ ਲੱਗਣ ਦੀ ਸੂਰਤ ਵਿਚ ਤੁਸੀਂ ਆਪਣੀਆਂ ਖਿੜਕੀਆਂ ਅਤੇ ਦਰਵਾਜ਼ੇ ਅੰਦਰ ਤੋਂ ਛੇਤੀ ਨਾਲ ਖੋਲ੍ਹ ਸਕਦੇ ਹੋਵੋ (ਜਿਵੇਂ ਜਿੰਦਰਿਆਂ ਦੀਆਂ ਚਾਬੀਆਂ ਨੇੜੇ ਹਨ, ਬਾਰਾਂ ਖੋਲ੍ਹੀਆਂ ਜਾਂ ਹਟਾਈਆਂ ਜਾ ਸਕਦੀਆਂ ਹਨ)
- ਅਲਾਰਮ ਸਿਸਟਮ ਲਗਾਉ ਅਤੇ ਇਹ ਪੱਕਾ ਕਰੋ ਕਿ ਇਹ ਸਹੀ ਤਰ੍ਹਾਂ ਕੰਮ ਕਰਦਾ ਹੈ

### ਕੀਮਤੀ ਚੀਜ਼ਾਂ

- ਛੋਟੀਆਂ ਕੀਮਤੀ ਚੀਜ਼ਾਂ ਸੇਫ ਡਿਪਾਜ਼ਿਟ ਬੌਕਸ ਵਿਚ ਆਪਣੇ ਘਰ ਵਿਚ ਵੱਖ ਵੱਖ ਥਾਂਵਾਂ 'ਤੇ ਰੱਖੋ
- ਵੱਡੀਆਂ ਚੀਜ਼ਾਂ 'ਤੇ ਪਛਾਣ ਨੰਬਰ ਉਕਰਾਉ ਤਾਂ ਜੋ ਇਹ ਚੋਰਾਂ ਲਈ ਘੱਟ ਆਕਰਸ਼ਕ ਬਣਨ
- ਅਲਾਇੰਸਾਂ ਅਤੇ ਇਲੈਕਟਰੌਨਿਕਸ ਦੇ ਸੀਰੀਅਲ ਨੰਬਰ ਰਿਕਾਰਡ ਕਰ ਲਵੋ ਤਾਂ ਜੋ ਚੋਰੀ ਹੋਣ 'ਤੇ ਇਨ੍ਹਾਂ ਦੀ ਪਛਾਣ ਕਰਨੀ ਸੌਖੀ ਹੋਵੇ
- ਆਪਣੀਆਂ ਕੀਮਤੀ ਚੀਜ਼ਾਂ ਦੀਆਂ ਫੋਟੋਆਂ ਜਾਂ ਵੀਡਿਓ ਬਣਾਉ ਤਾਂ ਜੋ ਇਨਸ਼ੋਰੈਂਸ ਕਲੇਮ ਕਰਨ ਦੀ ਸੂਰਤ ਵਿਚ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ

### ਆਪਣੇ ਘਰ ਤੋਂ ਬਾਹਰ

- ਇਹ ਪੱਕਾ ਕਰੋ ਕਿ ਦਾਖਲ ਹੋਣ ਵਾਲੀਆਂ ਥਾਂਵਾਂ ਸਾਫ ਸਾਫ ਦਿਖਾਈ ਦਿੰਦੀਆਂ ਹਨ (ਜਿਵੇਂ ਝਾੜੀਆਂ ਨਾ ਹੋਣਾ, ਚੰਗੀ ਰੌਸ਼ਨੀ ਹੋਣਾ)
- ਬਾਹਰ ਵਾਧੂ ਲਾਈਟਾਂ ਲਗਾਉ, ਸਮੇਤ ਮੋਸ਼ਨ ਸੈਂਸਿੰਗ ਲਾਈਟਾਂ ਦੇ
- ਪੌੜੀਆਂ ਅਤੇ ਯੰਤਰਾਂ ਨੂੰ ਨਿਗ੍ਹਾ ਤੋਂ ਪਰਾਂ ਰੱਖੋ ਕਿਉਂਕਿ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਦੇ ਕਦੇ ਘਰਾਂ ਵਿਚ ਜਾਣ ਲਈ ਕੀਤੀ ਜਾਂਦੀ ਹੈ
- ਆਪਣੇ ਘਰ ਦੇ ਬਾਹਰ ਕਦੇ ਵੀ ਵਾਧੂ ਚਾਬੀ ਨਾ ਛੱਡੋ – ਇਸ ਦੀ ਬਜਾਏ ਵਾਧੂ ਚਾਬੀ ਕਿਸੇ ਗੁਆਂਢੀ, ਦੋਸਤ, ਜਾਂ ਰਿਸ਼ਤੇਦਾਰ ਕੋਲ ਛੱਡਣ ਬਾਰੇ ਵਿਚਾਰ ਕਰੋ

### ਆਪਣੇ ਘਰ ਤੋਂ ਗੈਰਹਾਜ਼ਰੀਆਂ

- ਲਾਈਟਾਂ, ਰੇਡੀਓ ਅਤੇ/ਜਾਂ ਟੀ ਵੀ ਲਈ ਟਾਈਮਰ ਲਗਾਉ ਤਾਂ ਜੋ ਜਦੋਂ ਤੁਸੀਂ ਘਰ ਨਹੀਂ ਹੁੰਦੇ ਤਾਂ ਇਸ ਤਰ੍ਹਾਂ ਲੱਗੇ ਕਿ ਤੁਸੀਂ ਘਰ ਹੋ
- ਜੇ ਜ਼ਿਆਦਾ ਸਮੇਂ ਲਈ ਘਰ ਤੋਂ ਬਾਹਰ ਜਾਣਾ ਹੋਵੇ:
  - ਆਪਣੇ ਭਰੋਸੇ ਵਾਲੇ ਕਿਸੇ ਗੁਆਂਢੀ ਨੂੰ ਦੱਸੋ ਕਿ ਤੁਸੀਂ ਕਦੋਂ ਬਾਹਰ ਹੋਵੋਗੇ
  - ਡਾਕ, ਅਖਬਾਰਾਂ ਅਤੇ ਹੋਰ ਰੈਗੂਲਰ ਡਲਿਵਰੀ ਬੰਦ ਕਰਵਾਉ
  - ਆਪਣੀ ਗਰਾਜ ਡੋਰ ਖੋਲ੍ਹਣ ਤੋਂ ਰੋਕੋ

### ਆਪਣੇ ਘਰ ਤੋਂ ਅਗਾਂਹ

- ਆਪਣੇ ਗੁਆਂਢੀਆਂ ਨੂੰ ਜਾਣੋ
- ਆਪਣੇ ਆਂਢ-ਗੁਆਂਢ ਵਿਚ ਸ਼ੱਕੀ ਹਰਕਤਾਂ 'ਤੇ ਨਿਗ੍ਹਾ ਰੱਖੋ
- ਲੋਕਲ "ਬਲੌਕ ਵਾਚ" ਪ੍ਰੋਗਰਾਮ ਵਿਚ ਸ਼ਾਮਲ ਹੋਵੋ (ਬਲੌਕ ਵਾਚ ਸੁਸਾਇਟੀ ਆਫ ਬ੍ਰਿਟਿਸ਼ ਕੋਲੰਬੀਆ ਨੂੰ 1-877-602-3358 'ਤੇ ਫੋਨ ਕਰੋ)

## ਵਸੀਲੇ

### ਬਲੌਕ ਵਾਚ ਸੁਸਾਇਟੀ ਆਫ ਬ੍ਰਿਟਿਸ਼ ਕੋਲੰਬੀਆ

- ਫੋਨ: 604-418-3827 ਜਾਂ ਦੂਰੋਂ ਮੁਫਤ: 1-877-602-3358
- ਈ-ਮੇਲ: blockwatch@blockwatch.com
- ਵੈੱਬਸਾਈਟ: www.blockwatch.com

### ਬ੍ਰਿਟਿਸ਼ ਕੋਲੰਬੀਆ ਕਰਾਇਮ ਪ੍ਰੀਵੈਨਸ਼ਨ ਐਸੋਸੀਏਸ਼ਨ

- ਫੋਨ: 604-501-9222 ਜਾਂ ਦੂਰੋਂ ਮੁਫਤ: 1-888-405-2288
- ਈ-ਮੇਲ: info@bccpa.org
- ਵੈੱਬਸਾਈਟ: www.bccpa.org

### ਵਿਕਟਿਮਲਿੰਕ ਬੀ ਸੀ

- ਵਿਕਟਿਮਲਿੰਕ ਬੀ ਸੀ ਇਕ ਮੁਫਤ, ਗੁਪਤ ਟੈਲੀਫੋਨ ਸਰਵਿਸ ਹੈ ਜੋ ਕਿ ਬੀ ਸੀ ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ 1-800-563-0808 'ਤੇ ਉਪਲਬਧ ਹੈ। ਵਿਕਟਿਮਲਿੰਕ ਬੀ ਸੀ 110 ਨਾਲੋਂ ਜ਼ਿਆਦਾ ਜ਼ਬਾਨਾਂ ਵਿਚ ਸਰਵਿਸ ਦਿੰਦਾ ਹੈ, ਜਿਨ੍ਹਾਂ ਵਿਚ ਉੱਤਰੀ ਅਮਰੀਕਾ ਦੀਆਂ 17 ਅਬਰਿਜਨਲ ਜ਼ਬਾਨਾਂ ਵੀ ਸ਼ਾਮਲ ਹਨ।
- ਵਿਕਟਿਮਲਿੰਕ ਬੀ ਸੀ ਟੀ ਟੀ ਵਾਈ 'ਤੇ ਪਹੁੰਚਯੋਗ ਹੈ। 604-875-0885 'ਤੇ ਟੀ ਟੀ ਵਾਈ ਨੂੰ ਫੋਨ ਕਰੋ; ਕੋਲੈਕਟ ਕਾਲ ਕਰਨ ਲਈ ਕਿਰਪਾ ਕਰਕੇ ਟੈਲੱਸ

ਰੀਲੇਅ ਸਰਵਿਸ ਨੂੰ 711 ’ਤੇ ਫੋਨ ਕਰੋ। 604-836-6381 ’ਤੇ ਟੈਕਸਟ ਕਰੋ।

- ਈਮੇਲ: victimLinkBC@bc211.ca.
- www.victimlinkbc.ca

**ਕਿਰਪਾ ਕਰਕੇ ਨੋਟ ਕਰੋ:** *ਇਹ ਲਿਖਤ ਸਿਰਫ ਆਮ ਜਾਣਕਾਰੀ ਦਿੰਦੀ ਹੈ। ਇਸ ਦਾ ਮਕਸਦ ਕਾਨੂੰਨੀ ਜਾਣਕਾਰੀ ਜਾਂ ਸਲਾਹ ਦੇਣਾ ਨਹੀਂ ਹੈ।*

BRITISH COLUMBIA